ੴ

# ਗੁਰਬਾਣੀ ਵਿਚਾਰੁ

51

# ਧਰਮ ਜਾਂ ਮਜ਼ਹਬ

ਭਾਗ – 6

‘ਖੋਜੀ’

# ਧਰਮ ਜਾਂ ਮਜ਼ਹਬ

## ਭਾਗ-6

ਪਿਛਲੇ ਲੇਖਾਂ ਵਿਚ ਦੱਸਿਆਂ ਜਾ ਚੁੱਕਾ ਹੈ ਕਿ, ਮਨੁੱਖ ਦੇ ਜੀਵਨ ਵਿਚ, **'ਆਤਮਿਕ ਧਰਮੁ'** ਯਾ 'ਮਜ਼ਹਬ', ਕਈ ਰੰਗਾਂ, ਰੇਖਾਂ, ਭੇਖਾਂ, ਪੱਖਾਂ ਵਿਚ, ਪ੍ਰਵੇਸ਼ ਅਤੇ ਪ੍ਰਵਿਰਤ ਹੈ।

ਇਹ **ਇਕੋ-ਇਕ ਆਤਮਿਕ ਧਰਮੁ** —

ਨਾਲ ਲਿਖਿਆ ਹੋਇਆ ਹੈ।
ਨਾਲ ਹੋਵੰਦਾ ਹੈ।
ਲੈਹ ਨ ਸਕੰਦਾ ਹੈ।
ਸ੍ਵੈ ਪ੍ਰਕਾਸ਼ਤ ਹੈ।
ਹੁਕਮੁ ਰੂਪ ਹੈ।
ਸ਼ਬਦੁ ਰੂਪ ਹੈ।
ਨਾਮੁ ਰੂਪ ਹੈ।
ਅੰਮ੍ਰਿਤ ਰੂਪ ਹੈ।
ਪ੍ਰੀਤ ਡੋਰੀ ਹੈ।
ਪ੍ਰੇਮ ਸਵੈਪਨਾ ਹੈ।
ਪਿਆਰ-ਹਿੰਡੋਲਾ ਹੈ।
ਪ੍ਰੀਤ ਖਿੱਚ ਹੈ।
ਖਿੱਚ ਦਾ ਤੁਣਕਾ ਹੈ।
ਸਿਖਿਆ ਸਿਖਾਇਆ ਨਹੀਂ ਜਾ ਸਕਦਾ।
ਪੜ੍ਹਿਆ ਪੜ੍ਹਾਇਆ ਨਹੀਂ ਜਾ ਸਕਦਾ।
ਸਮਝਿਆ ਸਮਝਾਇਆ ਨਹੀਂ ਜਾ ਸਕਦਾ ।
ਦਿਮਾਗੀ ਵਿਸ਼ਾ ਨਹੀਂ ਹੈ।
ਵਲਵਲਿਆਂ ਦਾ ਜੋਸ਼ ਨਹੀਂ ਹੈ।
ਮਾਇਕੀ ਮੰਡਲ ਤੋਂ ਉਪਰ ਹੈ।
ਮਨ ਦੀ ਸਿਆਣਪ ਤੋਂ ਪਰ੍ਹੇ ਹੈ।
ਦਿਮਾਗੀ ਫ਼ਲਸਫ਼ੇ(philosophy) ਦੀ ਪਕੜ ਤੋਂ ਪਰ੍ਹੇ ਹੈ।
ਬਾਹਰੋਂ ਠੋਸਿਆ ਨਹੀਂ ਜਾ ਸਕਦਾ।
ਧਾਰਿਆ ਨਹੀਂ ਜਾ ਸਕਦਾ।
ਅਪਣਾਇਆ ਨਹੀਂ ਜਾ ਸਕਦਾ।

ਤਿਆਗਿਆ ਨਹੀਂ ਜਾ ਸਕਦਾ।
ਸਰਬਗ ਧਰਮੁ ਹੈ।
ਵਿਸ਼ਵ ਧਰਮੁ ਹੈ।

ਏਸ **ਗੁਪਤ, ਇਲਾਹੀ, ਵਿਸ਼ਵ 'ਧਰਮੁ' ਦੁਆਰਾ**, 'ਮਨੁੱਖ' ਦੇ ਅੰਤਰ-ਆਤਮੇ, ਸਾਰੇ **ਦੈਵੀ ਗੁਣ**, ਜਿਹਾ ਕਿ ਨਿਮਰਤਾ, ਪ੍ਰੀਤ, ਪ੍ਰੇਮ, ਪਿਆਰ, ਪਿਰਮ-ਰਸ, ਚਾਉ, ਦਇਆ, ਖਿਮਾ, ਸੰਤੋਖ, ਪਰਉਪਕਾਰ, ਸ਼ਾਂਤੀ, ਸੁਖ, ਅਨੰਦ, ਮੈਤ੍ਰੀ-ਭਾਵ, ਸ਼ਬਦੁ, ਨਾਮ **ਸਹਿਜ-ਸੁਭਾਇ, ਆਪ ਮੁਹਾਰੇ ਪ੍ਰਵੇਸ਼ ਹੋ ਜਾਂਦੇ ਹਨ** ਅਤੇ ਜੀਵ **'ਵਡ-ਭਾਗਾ'** ਹੋ ਜਾਂਦਾ ਹੈ।

ਦੂਜੇ ਪਾਸੇ, **ਬਾਹਰਮੁਖੀ 'ਧਰਮੁ', ਮਾਇਕੀ ਮੰਡਲ ਵਿਚ ਅਨੇਕਾਂ ਰੰਗਾਂ-ਰੂਪਾਂ, ਭੇਖਾਂ, ਵਿਚ ਪ੍ਰਚਲਤ ਹਨ**, ਜੋ –

ਗੁਰੂਆਂ, ਅਵਤਾਰਾਂ, ਮਹਾਂਪੁਰਖਾਂ ਨੇ,
ਬਾਣੀਆਂ ਰਾਹੀਂ ਸਹੀ ਜੀਵਨ-ਸੇਧ ਦੇਣ ਲਈ ਚਲਾਏ ਹਨ।

**ਇਹ ਬਾਹਰਮੁਖੀ ਧਰਮ** –

ਪੜ੍ਹਿਆ ਪੜ੍ਹਾਇਆ ਜਾਂਦਾ ਹੈ।
ਸਮਝਿਆ ਸਮਝਾਇਆ ਜਾਂਦਾ ਹੈ।
ਸਿਖਿਆ ਸਿਖਾਇਆ ਜਾਂਦਾ ਹੈ।
ਧਾਰਿਆ ਜਾਂਦਾ ਹੈ।
ਅਪਣਾਇਆ ਜਾਂਦਾ ਹੈ।
ਬਾਹਰੋਂ ਠੋਸਿਆ ਜਾਂਦਾ ਹੈ।
ਤਿਆਗਿਆ ਜਾ ਸਕਦਾ ਹੈ।
ਬਦਲਿਆ ਜਾ ਸਕਦਾ ਹੈ।
ਦਿਮਾਗੀ ਵਿਸ਼ਾ ਹੈ।
ਮਾਨਸਿਕ ਭਾਵਨਾਵਾਂ ਤਾਈਂ ਸੀਮਤ ਹੈ।
ਦਿਮਾਗੀ ਗਿਆਨ ਤਾਈਂ ਸੀਮਤ ਹੈ।
ਦਿਮਾਗੀ ਫ਼ਲਸਫ਼ੇ ਦਾ ਵਿਸ਼ਾ ਹੈ।
ਹਉਮੈ ਦੇ ਦਾਇਰੇ ਵਿਚ ਹੈ।
ਪਾਠ ਪੂਜਾ ਜ਼ਰੂਰੀ ਹੈ।
ਕਰਮ ਕ੍ਰਿਆ ਲਾਜ਼ਮੀ ਹੈ।
ਰਸਮਾਂ-ਰਿਵਾਜਾਂ ਦੀ ਜਕੜ ਵਿਚ ਹੈ।
ਰੀਤਾਂ ਰਵਾਇਤਾਂ ਵਿਚ ਫਸਿਆ ਹੋਇਆ ਹੈ।
ਮਰਿਆਦਾ ਦੀ ਕੈਦ ਵਿਚ ਹੈ।

ਦੇਖਾ ਦੇਖੀ ਕਮਾਇਆ ਜਾਂਦਾ ਹੈ।
ਰੀਸੋ ਰੀਸੀ ਮੰਨਿਆ ਜਾਂਦਾ ਹੈ।
ਭੇਖਾਂ ਦੀ ਮਜਬੂਰੀ ਹੈ, ਆਦਿ।

ਏਸ ਬਾਹਰਮੁਖੀ 'ਧਰਮ' ਨੂੰ, **ਦਿਆਨਤਦਾਰੀ ਅਤੇ ਸ਼ਰਧਾ-ਭਾਵਨਾ ਸਹਿਤ ਕਮਾਇਆ ਜਾਵੇ**, ਤਾਂ ਸਤਿਗੁਰ ਦੀ ਬਖਸ਼ਿਸ਼ ਦੁਆਰਾ, **ਮਨੁੱਖ ਦੀ ਆਤਮਿਕ ਤਰੱਕੀ ਅਤੇ ਵਿਕਾਸ ਹੁੰਦਾ ਹੈ।** ਇਸ ਤਰ੍ਹਾਂ ਜਗਿਆਸੂ **ਆਤਮਿਕ-ਮੰਡਲ ਵਿਚ ਪ੍ਰਵੇਸ਼ ਹੋ ਕੇ** ਆਪਣੇ ਅੰਤਰ-ਆਤਮੇ **'ਨਿਜੀ-ਧਰਮੁ' ਨੂੰ ਅਨੁਭਵ ਕਰ ਸਕਦਾ ਹੈ।**

**ਮਾਇਕੀ ਮੰਡਲ ਦੇ ਸਾਰੇ 'ਅਉਗੁਣ'** – ਜਿਹਾ ਕਿ ਹਉਮੈ, ਭਰਮ, ਹਨੇਰ, ਮੈਲ, ਦੂਜਾ-ਭਾਵ, ਈਰਖਾ, ਸਾੜਾ, ਪਾਪ, ਨਿੰਦਿਆ, ਚੁਗਲੀ, ਧੋਖਾ, ਫ਼ਰੇਬ, ਕਾਮ, ਕ੍ਰੋਧ, ਲੋਭ, ਮੋਹ, ਘਿਰਨਾ, ਤ੍ਰਿਸ਼ਨਾ ਆਦਿ ਦਾ **'ਧਰਮ' ਨਾਲ ਕੋਈ ਸੰਬੰਧ ਨਹੀਂ** ਅਤੇ **'ਧਰਮ' ਦੇ ਮੁਤਜ਼ਾਦ** ਅਤੇ **ਐਨ ਉਲਟ ਹਨ**, ਜਿਵੇਂ 'ਹਨੇਰਾ' ਅਤੇ 'ਚਾਨਣ' ਇਕ ਦੂਜੇ ਦੇ **ਉਲਟ ਹਨ।**

"ਪ੍ਰਾਨੀ ਪਰਮ ਪੁਰਖ ਪਗ ਲਾਗੋ ॥
ਸੋਵਤ ਕਹਾ ਮੋਹ ਨਿੰਦ੍ਰਾ ਮੈ ਕਬਹੂੰ ਸੁਚਿਤ ਹ੍ਵੈ ਜਾਗੋ ॥੧॥ ਰਹਾਉ॥
ਔਰਨ ਕਹਾ ਉਪਦੇਸਤ ਹੈ ਪਸੁ ਤੋਹਿ ਪਰਬੋਧ ਨ ਲਾਗੋ ॥
ਸਿੰਚਤ ਕਹਾ ਪਰੈ ਬਿਖਿਯਨ ਕਹਿ ਕਬਹੁ ਬਿਖੈ ਰਸ ਤਯਾਗੋ ॥"
(ਰਾਮਕਲੀ ਪਾ: ੧੦)

"ਨਰ ਅਚੇਤ ਪਾਪ ਤੇ ਡਰੁ ਰੇ ॥" (ਪੰਨਾ-੨੨੦)

"ਗੁਰਮਤਿ ਸੁਨਿ ਕਛੁ ਗਿਆਨੁ ਨ ਉਪਜਿਓ ਪਸੁ ਜਿਉ ਉਦਰੁ ਭਰਉ॥"
(ਪੰਨਾ-੬੮੫)

"ਬਿਰਥਾ ਕਹਉ ਕਉਨ ਸਿਉ ਮਨ ਕੀ ॥
ਲੋਭਿ ਗ੍ਰਸਿਓ ਦਸ ਹੂ ਦਿਸ ਧਾਵਤ ਆਸਾ ਲਾਗਿਓ ਧਨ ਕੀ ॥" (ਪੰਨਾ-੪੧੧)

"ਮਾਈ ਮਨੁ ਮੇਰੋ ਬਸਿ ਨਾਹਿ ॥
ਨਿਸ ਬਾਸੁਰ ਬਿਖਿਅਨ ਕਉ ਧਾਵਤ ਕਿਹਿ ਬਿਧਿ ਰੋਕਉ ਤਾਹਿ ॥" (ਪੰ.-੬੩੨)

"ਯਹ ਮਨੁ ਨੈਕ ਨ ਕਹਿਓ ਕਰੈ ॥
ਸੀਖ ਸਿਖਾਇ ਰਹਿਓ ਅਪਨੀ ਸੀ ਦੁਰਮਤਿ ਤੇ ਨ ਟਰੈ ॥੧॥ ਰਹਾਉ॥
ਮਦਿ ਮਾਇਆ ਕੈ ਭਇਓ ਬਾਵਰੋ ਹਰਿ ਜਸੁ ਨਹਿ ਉਚਰੈ ॥
ਕਰਿ ਪਰਪੰਚੁ ਜਗਤ ਕਉ ਡਹਕੈ ਅਪਨੋ ਉਦਰੁ ਭਰੈ ।" (ਪੰਨਾ-੫੩੬)

"ਨਾਨਕ ਵਿਣੁ ਨਾਵੈ ਆਲੂਦਿਆ ਜਿਤੀ ਹੋਰੁ ਖਿਆਲੁ ॥" (ਪੰਨਾ-੧੦੯੭)

ਪਰਮਾਤਮਾ ਤੋਂ ਦੂਰ ਲੈ ਜਾਣ ਵਾਲਾ ਅਤੇ ਧਰਮ ਦੇ ਮਾਰਗ ਤੋਂ ਜੀਵ ਨੂੰ ਕੁਰਾਹੇ

ਪਾਉਣ ਵਾਲਾ, **ਸਭ ਤੋਂ ਵਡਾ ਅਉਗਣ, 'ਹਉਮੈ' ਹੀ ਹੈ।**

**ਹਉਮੈ-ਮਾਇਆ ਦੇ ਭਰਮ-ਭੁਲਾਵੇ ਵਿਚੋਂ ਉਪਜਦੀ ਹੈ।**

**ਹਉਮੈ**-ਦੀਰਘ ਰੋਗ ਹੈ-ਜੋ ਸਾਰੇ ਮਾਇਕੀ ਅਉਗਣਾਂ, ਦੁੱਖਾਂ, ਕਲੇਸ਼ਾਂ **ਪਾਪਾਂ ਦਾ 'ਮੂਲ' ਹੈ।**

ਜਿਥੇ-**ਹਉਮੈ ਦੇ ਭਰਮ-ਭੁਲਾਵੇ ਦਾ ਹਨੇਰ ਹੈ, ਉਥੇ ਧਰਮ ਦਾ ਚਾਨਣ ਨਹੀਂ ਹੋ ਸਕਦਾ।**

"ਹਉਮੈ ਨਾਵੈ ਨਾਲਿ ਵਿਰੋਧੁ ਹੈ ਦੁਇ ਨ ਵਸਹਿ ਇਕ ਠਾਇ ॥" (ਪੰਨਾ-੫੬੦)

ਭਗਤ ਤੁਲਸੀ-ਦਾਸ ਨੇ ਭੀ ਠੀਕ ਲਿਖਿਆ —

"ਦਇਆ ਧਰਮ ਕਾ ਮੂਲ ਹੈ,
**ਪਾਪ ਮੂਲ 'ਅਭਿਮਾਨ'।"**

ਇਸ ਲਈ **'ਹਉਮੈ' ਅਤੇ 'ਧਰਮੁ'**, ਆਪਸ ਵਿਚ **ਮੁਤਜ਼ਾਦ** ਅਤੇ **ਇਕ ਦੂਸਰੇ ਦੇ ਉਲਟ ਹਨ।**

**'ਹਉਮੈ' ਦਾ ਮੇਲ ਸਿਰਫ਼ 'ਅਧਰਮ' ਨਾਲ ਹੀ ਹੋ ਸਕਦਾ ਹੈ, 'ਧਰਮ' ਨਾਲ ਨਹੀਂ। 'ਧਰਮ' ਦਾ ਮੇਲ-ਸਿਰਫ਼ ਦੈਵੀ ਗੁਣਾਂ ਨਾਲ ਹੀ ਹੋ ਸਕਦਾ ਹੈ।**

ਦੂਜੇ ਲਫ਼ਜ਼ਾਂ ਵਿਚ, **ਹਉਮੈ ਵਿਚ ਜੋ ਕਰਮ ਕੀਤੇ ਜਾਂਦੇ ਹਨ, ਉਹ 'ਧਾਰਮਿਕ' ਨਹੀਂ ਹੋ ਸਕਦੇ**, ਬਲਕਿ **'ਅਧਰਮ'** ਹਨ। ਇਸ ਲਈ ਧਰਮ ਦੇ ਨਾਉਂ ਤੇ ਜੋ **'ਮਜ਼ਹਬੀ ਤੁਅੱਸਬ' ਦੀ ਆੜ** ਵਿਚ, ਵੈਰ-ਵਿਰੋਧ, ਲੜਾਈਆਂ ਕੀਤੀਆਂ ਜਾਂਦੀਆਂ ਹਨ, ਉਹ ਸਭ **'ਅਧਰਮ' ਹਨ।**

**ਹਉਮੈ ਵਿਚਿ ਸੇਵਾ ਨ ਹੋਵਈ ਤਾ ਮਨੁ ਬਿਰਥਾ ਜਾਇ ॥...**
ਹਉਮੈ ਵਡਾ ਗੁਬਾਰੁ ਹੈ ਹਉਮੈ ਵਿਚਿ ਬੁਝਿ ਨ ਸਕੈ ਕੋਇ ॥੨॥
ਹਉਮੈ ਵਿਚ ਭਗਤਿ ਨ ਹੋਵਈ ਹੁਕਮੁ ਨ ਬੁਝਿਆ ਜਾਇ ॥ (ਪੰਨਾ-੫੬੦)

ਹਉ ਵਿਚਿ ਸਚਿਆਰੁ ਕੂੜਿਆਰੁ ॥ ਹਉ ਵਿਚਿ ਪਾਪ ਪੁੰਨ ਵਿਚਾਰੁ ॥
(ਪੰਨਾ-੪੬੬)

ਬ੍ਰਹਮਣਿ ਬਹੁ ਪਰਕਾਰਿ ਕਰਿ ਸਾਸਤ੍ਰਿ ਵੇਦ ਪੁਰਾਣਿ ਲੜਾਏ।
(ਵਾ:ਭਾ:ਗੁ: ੧/੧੯)

ਚਾਰਿ ਵਰਨ ਚਾਰਿ ਮਜਹਬਾਂ ਜਗਿ ਵਿਚਿ ਹਿੰਦੂ ਮੁਸਲਮਾਣੇ ।
ਖੁਦੀ ਬਖੀਲਿ ਤਕਬਰੀ ਖਿੰਚੋਤਾਣਿ ਕਰੇਨਿ ਧਿਙਾਣੇ । (ਵਾ: ਭਾ: ਗੁ: ੧/੨੧)

ਬਹੁ ਵਾਟੀ ਜਗਿ ਚਲੀਆ ਤਬ ਹੀ ਭਏ ਮੁਹੰਮਦਿ ਯਾਰਾ ।
ਕਉਮਿ ਬਹਤਰਿ ਸੰਗਿ ਕਰਿ ਬਹੁ ਬਿਧਿ ਵੈਰ ਵਿਰੋਧੁ ਪਸਾਰਾ ।

ਕਾਫ਼ਰਿ ਮੁਲਹਦਿ ਇਰਮਨੀ ਰੂਮੀ ਜੰਗੀ ਦੁਸਮਣਿ ਦਾਰਾ ।
ਪਾਪੇ ਦਾ ਵਰਤਿਆ ਵਰਤਾਰਾ ॥ (ਵਾ:ਭਾ: ਗੁ: ੧/੨੦)

ਕਬੀਰਾ ਜਹਾ ਗਿਆਨੁ ਤਹ ਧਰਮੁ ਹੈ ਜਹਾ ਝੂਠੁ ਤਹ ਪਾਪੁ ॥
ਜਹਾ ਲੋਭੁ ਤਹ ਕਾਲੁ ਹੈ ਜਹਾ ਖਿਮਾ ਤਹ ਆਪਿ ॥ (ਪੰਨਾ-੧੩੭੨)

ਕਈਆਂ ਧਰਮਾਂ ਦੀਆਂ ਬਾਣੀਆਂ ਯਾ ਧਾਰਮਿਕ ਗ੍ਰੰਥ **ਗੂੜ੍ਹ ਭਾਸ਼ਾ ਵਿਚ ਲਿਖੇ ਹੁੰਦੇ ਹਨ**। ਜਿਸ ਤਰ੍ਹਾਂ :

ਕੁਰਾਨ-ਅਰਬੀ ਵਿਚ

ਵੇਦ ਸ਼ਾਸਤ੍ਰ-ਸੰਸਕ੍ਰਿਤ ਵਿਚ

ਬਾਈਬਲ (Bible) ਹੈਬਰੂ ਤੇ ਲੈਟਿਨ (latin) ਵਿਚ

ਪਰ ਫੇਰ ਵੀ, ਇਹਨਾਂ ਦੇ ਪੈਰੋਕਾਰ, ਆਪੋ ਆਪਣੀ ਬਾਣੀ ਪੜ੍ਹਦੇ ਹਨ, ਸਮਝਣ ਦੀ ਕੋਸ਼ਿਸ਼ ਕਰਦੇ ਹਨ ਅਤੇ ਲਾਹਾ ਲੈਂਦੇ ਹਨ।

ਪਰ ਗੁਰਬਾਣੀ **ਸਰਲ ਬੋਲੀ ਵਿਚ ਹੁੰਦਿਆਂ ਹੋਇਆਂ ਭੀ**, ਅਸੀਂ ਇਸ ਦਾ ਸਿਰਫ਼ —

ਪਾਠ ਕਰਕੇ
ਗਾਇਣ ਕਰਕੇ
ਕਥਾ ਵਾਰਤਾ ਕਰਕੇ
ਅਨੇਕਾਂ ਲੇਖ ਅਤੇ ਕਿਤਾਬਾਂ ਲਿਖ ਕੇ

ਹੀ **ਸੰਤੁਸ਼ਟ ਹਾਂ।**

ਗੁਰਬਾਣੀ ਦੇ **ਅੱਖਰੀ ਯਾ ਭਾਵਕ ਅਰਥਾਂ ਨੂੰ ਅਸੀਂ ਆਪੋ ਆਪਣੀ ਮੱਤ ਅਨੁਸਾਰ ਆਪਣੇ ਸੁਆਰਥ ਅਤੇ ਸਹੂਲੀਅਤ ਲਈ, ਤੋੜ-ਮਰੋੜ ਕੇ ਪੇਸ਼ ਕਰਦੇ ਹਾਂ।**

ਪਰੰਤੂ ਗੁਰਬਾਣੀ ਦੇ **ਅੰਤ੍ਰੀਵ ਆਤਮਿਕ ਭਾਵਾਂ ਯਾ ਅਨੁਭਵੀ ਗਿਆਨ ਤੋਂ ਅਸੀਂ ਵਾਂਝੇ ਰਹਿੰਦੇ ਹਾਂ।**

ਗੁਰਬਾਣੀ-ਧੁਰੋਂ ਸੂਖਮ **ਇਲਾਹੀ ਮੰਡਲ ਵਿਚੋਂ ਉਤਰੀ ਹੈ** — ਅਤੇ ਇਸ ਵਿਚ **ਆਤਮਿਕ ਮੰਡਲ ਦੇ ਡੂੰਘੇ, ਸੂਖਮ, ਅਨੁਭਵੀ, ਇਲਾਹੀ ਭੇਦ ਭਰਪੂਰ ਹਨ** — ਜੋ **'ਅਨੁਭਵ' ਦੁਆਰਾ ਹੀ ਜਾਣੇ ਅਤੇ ਬੁੱਝੇ ਜਾ ਸਕਦੇ ਹਨ।**

ਅਨਹਦ ਬਾਨੀ ਗੁਰਮੁਖਿ ਜਾਣੀ ਬਿਰਲੋ ਕੋ ਅਰਥਾਵੈ ॥ (ਪੰਨਾ-੯੪੫)

ਇਹ ਬਾਣੀ ਜੋ ਜੀਅਹੁ ਜਾਣੈ ਤਿਸੁ ਅੰਤਰਿ ਰਵੈ ਹਰਿ ਨਾਮਾ ॥ (ਪੰਨਾ-੭੯੭)

ਇਹ ਬਾਣੀ ਮਹਾ ਪੁਰਖ ਕੀ ਨਿਜ ਘਰਿ ਵਾਸਾ ਹੋਇ ॥ (ਪੰਨਾ-੯੩੫)

ਇਹ ਇਲਾਹੀ ਬਾਣੀ, **ਜਿਸ ਆਤਮਿਕ ਵੇਵਲੈਂਥ** (wavelength) **ਤੋਂ ਰਚੀ ਗਈ ਹੈ – ਉਸੇ ਵੇਵਲੈਂਥ** ਤੇ, **ਇਸ ਦੇ ਅੰਤ੍ਰੀਵ ਆਤਮਿਕ ਭਾਵਾਂ ਅਤੇ ਭੇਦਾਂ** ਨੂੰ ਬੁਝਿਆ, ਸੀਝਿਆ, ਜਾਣਿਆ, ਪਹਿਚਾਣਿਆ, ਅਨੁਭਵ **ਕੀਤਾ ਜਾ ਸਕਦਾ ਹੈ ਅਤੇ** ਆਤਮਿਕ ਪ੍ਰਕਾਸ਼ ਰੂਪੀ – ਸਬਦੁ, ਨਾਮੁ, ਪ੍ਰੀਤ, ਪ੍ਰੇਮ, ਰਸ, ਚਾਉ ਦਾ **ਲਾਹਾ ਲਿਆ ਜਾ ਸਕਦਾ ਹੈ।**

ਪਰ ਅਸੀਂ ਦਿਮਾਗੀ ਗਿਆਨ-ਧਿਆਨ ਵਿਚ ਇਤਨੇ **ਸੰਤੁਸ਼ਟ ਅਤੇ ਮਸਤ ਹੋਏ** ਪਏ ਹਾਂ ਕਿ, **ਇਸ ਤੋਂ ਪਰੇ ਹੋਰ ਕਿਸੇ ਆਤਮਿਕ ਮੰਡਲ ਦੀ ਬਾਬਤ** ਸੁਣਨ, ਸਮਝਣ, ਜਾਣਨ, ਖੋਜਣ, ਮੰਨਣ ਨੂੰ **ਤਿਆਰ ਹੀ ਨਹੀਂ – ਉਦਮ ਤਾਂ ਕੀ ਕਰਨਾ ਸੀ**!

ਇਸ ਦਾ ਨਤੀਜਾ ਇਹ ਹੈ ਕਿ –

ਗੁਰਬਾਣੀ ਸਰਲ ਭਾਸ਼ਾ ਵਿਚ ਹੁੰਦਿਆਂ
ਬੇਅੰਤ ਗੁਰਦੁਆਰੇ ਹੁੰਦਿਆਂ
ਬੇਅੰਤ ਕੀਰਤਨ ਦਰਬਾਰ ਹੁੰਦਿਆਂ
ਅਣਗਿਣਤ ਪਾਠਾਂ ਦੀਆਂ ਲੜੀਆਂ ਹੁੰਦਿਆਂ
ਅਨੰਤ ਕਥਾ ਵਾਰਤਾ ਹੁੰਦਿਆਂ
ਬੇਅੰਤ ਲਾਇਬ੍ਰੇਰੀਆਂ ਹੁੰਦਿਆਂ
ਲਗਾਤਾਰ ਪ੍ਰਚਾਰ ਹੁੰਦਿਆਂ
ਅਣਗਿਣਤ ਕਰਮ ਕਿਰਿਆ ਕਰਦਿਆਂ
ਬੇਅੰਤ ਧਾਰਮਿਕ ਸੈਮੀਨਾਰ (seminar) ਹੁੰਦਿਆਂ

**ਅਸੀਂ ਅੱਜ, 'ਬਾਹਰਮੁਖੀ-ਧਰਮ' ਵਿਚ ਹੀ ਸੰਤੁਸ਼ਟ ਹਾਂ** ਅਤੇ **ਮਾਇਕੀ ਮੰਡਲ ਦੇ ਅੰਧ-ਗੁਬਾਰ ਜਾਂ ਅਗਨ-ਸੋਕ-ਸਾਗਰ ਵਿਚ, ਹੋਰਨਾਂ ਵਾਂਗ-ਪਰਵਿਰਤ ਅਤੇ ਗ਼ਲਤਾਨ ਹਾਂ।** ਇਸ ਤਰ੍ਹਾਂ **ਗੁਰਬਾਣੀ ਵਿਚ ਦਰਸਾਈ ਗੁੱਝੀ, ਆਤਮਿਕ 'ਨਿਰਾਲੀ-ਖੇਲ' ਤੋਂ ਬੇਖ਼ਬਰ, ਬੇਪ੍ਰਵਾਹ, ਅਣਜਾਣ, ਅਵੇਸਲੇ ਹੋਏ ਪਏ ਹਾਂ।**

ਗੁਰਮਤਿ ਸੁਨਿ ਕਛੁ ਗਿਆਨੁ ਨ ਉਪਜਿਓ ਪਸੁ ਜਿਉ ਉਦਰੁ ਭਰਉ ॥
(ਪੰਨਾ-੬੮੫)

ਇਕਿ ਗਾਵਤ ਰਹੇ ਮਨਿ ਸਾਦੁ ਨ ਪਾਇ ॥
ਹਉਮੈ ਵਿਚਿ ਗਾਵਹਿ ਬਿਰਥਾ ਜਾਇ ॥
ਗਾਵਣਿ ਗਾਵਹਿ ਜਿਨ ਨਾਮਿ ਪਿਆਰੁ ॥ ਸਾਚੀ ਬਾਣੀ ਸਬਦ ਬੀਚਾਰੁ॥੧॥
ਗਾਵਤ ਰਹੈ ਜੇ ਸਤਿਗੁਰ ਭਾਵੈ॥
ਮਨੁ ਤਨੁ ਰਾਤਾ ਨਾਮੁ ਸੁਹਾਵੈ ॥੧॥ ਰਹਾਉ ॥ (ਪੰਨਾ-੧੫੮)
ਹਰਿ ਬਿਨੁ ਅਵਰ ਕ੍ਰਿਆ ਬਿਰਥੇ ॥
ਜਪ ਤਪ ਸੰਜਮ ਕਰਮ ਕਮਾਣੇ ਇਹਿ ਓਰੈ ਮੂਸੇ ॥............

ਚਤੁਰ ਬੇਦ ਮੁਖ ਬਚਨੀ ਉਚਰੈ ਆਗੈ ਮਹਲੁ ਨ ਪਾਈਐ ॥
ਬੂਝੈ ਨਾਹੀ ਏਕ ਸੁਧਾਖਰੁ ਓਹੁ ਸਗਲੀ ਝਾਖ ਝਖਾਈਐ ॥੩॥
ਨਾਨਕ ਕਹਤੋ ਇਹੁ ਬੀਚਾਰਾ ਜਿ ਕਮਾਵੈ ਸੁ ਪਾਰ ਗਰਾਮੀ ॥
ਗੁਰੁ ਸੇਵਹੁ ਅਰੁ ਨਾਮੁ ਧਿਆਵਹੁ ਤਿਆਗਹੁ ਮਨਹੁ ਗੁਮਾਨੀ ॥ (ਪੰਨਾ-੨੧੬)

ਆਤਸ਼ੀ ਸ਼ੀਸ਼ੇ (convex lens) ਦੇ ਟੁਕੜੇ ਉਤੇ ਸੂਰਜ ਦੀਆਂ ਕਿਰਨਾਂ ਪੈ ਕੇ, ਸ਼ੀਸ਼ੇ ਵਿਚ ਦੀ ਲੰਘਦੀਆਂ ਹੋਈਆਂ ਲੱਖਾਂ ਕਿਰਨਾਂ, ਇਕੱਠੀਆਂ ਅਤੇ ਇਕਾਗਰ (converge) ਹੋ ਕੇ ਇੱਕ ਸ਼ਕਤੀਮਾਨ ਗੂੜ੍ਹੀ ਕਿਰਨ ਬਣ ਜਾਂਦੀ ਹੈ। ਇਸ ਸ਼ਕਤੀਮਾਨ ਗੂੜ੍ਹੀ ਕਿਰਨ (converged beam) ਵਿਚ ਸੂਰਜ ਦੀ ਗਰਮੀ ਦੀ ਤੀਖਣਤਾ (intensity of heat) ਇਤਨੀ ਵਧ ਜਾਂਦੀ ਹੈ, ਕਿ ਉਹ ਕਾਗਜ਼ ਨੂੰ ਸਾੜ ਦਿੰਦੀ ਹੈ, ਜਦ ਕਿ ਸਾਧਾਰਣ ਕਿਰਨਾਂ ਦਾ ਕਾਗਜ਼ ਉਤੇ ਕੋਈ ਅਸਰ ਨਹੀਂ ਹੁੰਦਾ।

ਇਹ ਦ੍ਰਿਸ਼ਟਾਂਤ ਸਾਡੇ ਖ਼ਿਆਲਾਂ ਦੇ 'ਧਿਆਨ' ਜਾਂ 'ਸੁਰਤੀ' ਤੇ ਸਹੀ ਢੁਕਦਾ ਹੈ। ਜਿਉਂ ਜਿਉਂ ਸਾਡਾ ਧਿਆਨ ਇਕਾਗਰ ਹੁੰਦਾ ਜਾਂਦਾ ਹੈ, ਤਿਉਂ ਤਿਉਂ ਇਹਨਾਂ ਦੀ ਸ਼ਕਤੀ ਵਧਦੀ ਜਾਂਦੀ ਹੈ।

ਇਸੇ ਤਰ੍ਹਾਂ, ਕਿਸੇ ਕੰਮ ਦੀ ਕਾਮਯਾਬੀ ਵਿਚ 'ਧਿਆਨ' ਦੀ 'ਇਕਾਗਰਤਾ' ਅਤੇ 'ਤੀਬਰਤਾ' ਦੀ ਅਤਿਅੰਤ ਲੋੜ ਹੈ। ਦੂਜੇ ਲਫ਼ਜ਼ਾਂ ਵਿਚ, ਧਿਆਨ ਬਗੈਰ ਕੋਈ ਕੰਮ ਨਹੀ ਸੌਰਦਾ ਬਲਕਿ ਵਿਗੜ ਜਾਂਦਾ ਹੈ। ਬੱਸਾਂ, ਕਾਰਾਂ ਤੇ ਮਸ਼ੀਨਾਂ ਚਲਾਉਣ ਵਾਲਿਆਂ ਲਈ ਸਾਵਾਧਾਨਤਾ, ਇਕਾਗਰਤਾ ਜਾਂ ਧਿਆਨ ਦੀ ਅਹਿਮੀਅਤ ਹੋਰ ਵੀ ਵਧ ਜਾਂਦੀ ਹੈ।

The more our thoughts are concentrated and condensed the more our mind becomes powerful and dynamic, with which many psychic phenomena can be performed.

ਗੁਰਬਾਣੀ ਸਾਨੂੰ ਬੜੇ ਧਿਆਨ ਨਾਲ **ਪ੍ਰਭੂ ਦਾ ਨਾਮ ਸਿਮਰਨ ਕਰਨ** ਦੀ ਤਾਕੀਦ ਕਰਦੀ ਹੈ। ਸਾਂਈ ਦੇ ਅਨੇਕਾਂ ਗੁਣਾਂ ਨੂੰ **ਭਾਵਨਾ ਸਹਿਤ ਧਿਆਨ ਵਿਚ ਲੈ ਕੇ** —

1. ਗੁਰਮੰਤ੍ਰ ਦਾ ਜਾਪ ਕਰਨਾ
2. **ਯਾਦ ਰਖਣਾ**
3. **ਮੁੜ-ਮੁੜ ਯਾਦ ਰਖਣਾ**
4. **ਲਗਾਤਾਰ ਯਾਦ ਰਖਣਾ**
5. **ਇਕ ਛਿਨ ਲਈ ਭੀ ਨਾ ਵਿਸਰਨਾ**

**ਹੀ ਤਾਂ ਸਿਮਰਨ ਹੈ।**

**ਸਾਵਧਾਨ ਹੋ ਕੇ ਇਕਾਗਰਚਿੱਤ ਨਾਲ ਸਿਮਰਨ ਕਰਨ ਨਾਲ ਹੀ ਸਾਡਾ ਜੀਵਨ ਸਫ਼ਲ ਹੋ ਸਕਦਾ ਹੈ** ਅਤੇ ਇਲਾਹੀ ਅੰਤਰਮੁਖੀ 'ਧਰਮੁ' ਦੀ ਪ੍ਰਾਪਤੀ ਹੋ **ਸਕਦੀ ਹੈ।**

ਪ੍ਰਭ ਕੀ ਉਸਤਤਿ ਕਰਹੁ ਸੰਤ ਮੀਤ ॥
ਸਾਵਧਾਨ ਏਕਾਗਰ ਚੀਤ ॥ (ਪੰਨਾ-੨੯੫)

ਏਕ ਚਿਤ ਜਿਹ ਇਕ ਛਿਨ ਧਿਆਇਓ ॥
ਕਾਲ ਫ਼ਾਸ ਕੇ ਬੀਚ ਨ ਆਇਓ ॥ (ਚੌਪਈ ਪਾ: ੧੦)

ਧਿਆਇ ਧਿਆਇ ਭਗਤਹ ਸੁਖੁ ਪਾਇਆ ॥ (ਪੰਨਾ-੨੮੪)

ਜਿਨਿ ਜਿਨਿ ਨਾਮੁ ਧਿਆਇਆ ਤਿਨ ਕੇ ਕਾਜ ਸਰੇ ।
(ਪੰਨਾ-੧੩੬)

ਜਿਨੀ ਨਾਮੁ ਧਿਆਇਆ ਗਏ ਮਸਕਤਿ ਘਾਲਿ ॥
ਨਾਨਕ ਤੇ ਮੁਖ ਉਜਲੇ ਕੇਤੀ ਛੁਟੀ ਨਾਲਿ ॥ (ਪੰਨਾ-੮)

**ਧਿਆਨ ਨਾਲ ਸਿਮਰਨ ਕਰਨ** ਦੀ ਮਹਾਨਤਾ ਅਤੇ ਬਰਕਤਾਂ ਨੂੰ ਗੁਰਬਾਣੀ ਅਤੇ ਭਾਈ ਗੁਰਦਾਸ ਜੀ ਨੇ ਹੰਸ, ਕੂੰਜ ਅਤੇ ਕੱਛੂ-ਕੁੰਮੇ ਦੀਆਂ ਮਿਸਾਲਾਂ ਦੁਆਰਾ ਇਉਂ ਦ੍ਰਿੜ੍ਹਾਇਆ ਹੈ —

ਹੰਸਹੁ ਹੰਸ ਗਿਆਨੁ ਕਰਿ ਦੁਧੈ ਵਿਚਹੁ ਕਢੈ ਪਾਣੀ ।
ਕਛਹੁ ਕਛੁ ਧਿਆਨ ਧਰਿ ਲਹਰਿਨ ਵਿਆਪੈ ਘੁੰਮਣਵਾਣੀ ।
ਕੂਜਹੁ ਕੂੰਜੁ ਵਖਾਣੀਐ ਸਿਮਰਣੁ ਕਰਿ ਉਡੈ ਅਸਮਾਣੀ ।
ਗੁਰਪਰਚੈ ਗੁਰ ਜਾਣੀਐ ਗਿਆਨ ਧਿਆਨ ਸਿਮਰਣਿ ਗੁਰਬਾਣੀ ।
(ਵਾ:ਭਾ:ਗੁ: ੨੪/੨੨)

ਊਡੇ ਊਡਿ ਆਵੈ ਸੈ ਕੋਸਾ ਤਿਸੁ ਪਾਛੈ ਬਚਰੇ ਛਰਿਆ ॥
ਤਿਨ ਕਵਣੁ ਖਲਾਵੈ ਕਵਣੁ ਚੁਗਾਵੈ ਮਨ ਮਹਿ ਸਿਮਰਨੁ ਕਰਿਆ ॥
(ਪੰਨਾ-੧੦)

ਉਪਰਲੀ ਵਿਚਾਰ ਤੋਂ ਸੁਤੇ ਸਿਧ ਸਪੱਸ਼ਟ ਹੋ ਜਾਂਦਾ ਹੈ ਕਿ ਗਿਆਨ, ਧਿਆਨ ਅਤੇ ਇਕਾਗਰਤਾ ਦੁਆਰਾ **ਸਿਮਰਨ** — 'ਧਰਮ' ਦਾ **ਬਹੁਤ ਜ਼ਰੂਰੀ ਅੰਗ ਹੈ।** ਤਾਂ ਤੇ —

ਗਿਆਨ ਲਈ — ਧਾਰਮਿਕ ਗ੍ਰੰਥ ਦੇ **ਅਰਥ ਬੋਧ ਦੀ ਜਾਣਕਾਰੀ ।**

ਧਿਆਨ ਲਈ — ਸੁਰਤਿ ਜਾਂ **ਚਿਤ ਦੀ ਇਕਾਗਰਤਾ**

ਸਿਮਰਨ ਲਈ — **ਸ਼ਰਧਾ** ਅਤੇ **ਪ੍ਰੇਮ**

**ਲੋੜੀਂਦਾ ਹੈ।** ਗਿਆਨ ਧਿਆਨ ਅਤੇ ਸਿਮਰਨ ਦੀ **ਸਹੀ ਜੁਗਤੀ ਤੋਂ ਬਗੈਰ ਆਤਮਿਕ ਤਰੱਕੀ ਨਹੀਂ** ਹੋ ਸਕਦੀ। ਇਸ ਸਹੀ ਜੁਗਤੀ ਦੁਆਰਾ ਹੀ **ਸ਼ਬਦ-ਸੁਰਤ ਦੀ ਉਚੀ-ਸੁਚੀ ਆਤਮਿਕ ਅਵੱਸਥਾ ਦੀ ਪ੍ਰਾਪਤ ਹੁੰਦੀ ਹੈ।**

ਗੁਰਮੁਖਿ ਜਨਮੁ ਸੁਕਾਰਥਾ ਗੁਰਬਾਣੀ ਪੜਿ ਸਮਝਿ ਸੁਣੇਹੀ ॥ (ਵਾ: ਭਾ: ਗੁ:)

ਮਨ ਸਮਝਾਵਨ ਕਾਰਨੇ ਕਛੂਅਕ ਪੜੀਐ ਗਿਆਨ ॥ (ਪੰਨਾ-੩੪੦)

ਗੁਰ ਸਿਖੀ ਦਾ ਲਿਖਣਾ ਗੁਰਬਾਣੀ ਸੁਣਿ ਸਮਝਿ ਲਿਖੈ ॥

(ਵਾ:ਭਾ: ਗੁ: ੨੮/੫)

ਧੁਨਿ ਮਹਿ ਧਿਆਨੁ ਧਿਆਨ ਮਹਿ ਜਾਨਿਆ ਗੁਰਮੁਖਿ ਅਕਥ ਕਹਾਨੀ॥

(ਪੰਨਾ-੮੭੯)

ਜਾਕੈ ਰਿਦੈ ਬਿਸ੍ਵਾਸ ਪ੍ਰਭ ਆਇਆ ॥
ਤਤੁ ਗਿਆਨੁ ਤਿਸੁ ਮਨਿ ਪ੍ਰਗਟਾਇਆ ॥ (ਪੰਨਾ-੨੮੫)

ਬੀਸ ਬਿਸਵੇ ਗੁਰ ਕਾ ਮਨੁ ਮਾਨੈ ॥
ਸੋ ਸੇਵਕੁ ਪਰਮੇਸੁਰ ਕੀ ਗਤਿ ਜਾਨੈ ॥ (ਪੰਨਾ-੨੮੭)

ਜਾ ਕੈ ਮਨਿ ਗੁਰ ਕੀ ਪਰਤੀਤਿ ॥
ਤਿਸੁ ਜਨ ਆਵੈ ਹਰਿ ਪ੍ਰਭ ਚੀਤਿ ॥ (ਪੰਨਾ-੨੮੩)

ਜਾਗਤ ਜੋਤਿ ਜਪੈ ਨਿਸ ਬਾਸੁਰ ਏਕ ਬਿਨਾ ਮਨ ਨੈਕ ਨ ਆਨੈ ॥
ਪੂਰਨ ਪ੍ਰੇਮ ਪ੍ਰਤੀਤ ਸਜੈ ਬ੍ਰਤ ਗੋਰ ਮੜੀ ਮਟ ਭੂਲ ਨ ਮਾਨੈ ॥

(੩੩ ਸਵਈਏ ਪਾ: ੧੦)

ਖ਼ਿਆਲਾਂ ਨੂੰ **ਇਕ ਨੁਕਤੇ ਉਤੇ ਇਕਾਗਰ ਕਰਨ ਨੂੰ 'ਧਿਆਨ' ਕਿਹਾ** ਜਾਂਦਾ ਹੈ।

ਹਰ ਕੰਮ ਨੂੰ **ਸਫ਼ਲ ਅਤੇ ਸੰਪੂਰਨ ਕਰਨ ਲਈ ਧਿਆਨ ਲਾਜ਼ਮੀ ਹੈ।**

'ਧਿਆਨ' ਤੋਂ ਬਗੈਰ ਕੋਈ ਕੰਮ ਸਹੀ, ਮੁਕੰਮਲ, ਪੂਰਨ, ਲਾਭਦਾਇਕ **ਨਹੀਂ ਹੋ ਸਕਦਾ।**

ਏਸੇ ਤਰ੍ਹਾਂ, **ਧਿਆਨ ਤੋਂ ਬਗੈਰ,** ਧਾਰਮਿਕ ਪਾਠ-ਪੂਜਾ ਅਤੇ ਕਰਮ-ਕਿਰਿਆ ਭੀ – ਫੋਕੇ, ਰਸ-ਹੀਣ, ਭਾਵਨਾ-ਹੀਣ, ਲਾਭ-ਹੀਣ, ਮੁਰਦਾ-ਸਾਧਨ **ਹੀ ਬਣ ਕੇ ਰਹਿ ਜਾਂਦੇ ਹਨ।**

ਸੁਲਤਾਨਪੁਰ ਵਿਖੇ, ਗੁਰੂ ਨਾਨਕ ਦਾ, ਕਾਜ਼ੀਆਂ ਦੀ ਬੇਧਿਆਨੀ ਨਮਾਜ਼ ਵਿਚ ਸ਼ਾਮਲ ਨਾ ਹੋਣਾ, ਇਸ ਗੱਲ ਦਾ ਲਖਾਇਕ ਹੈ, ਕਿ ਧਿਆਨ ਤੋਂ ਬਗੈਰ, ਪਾਠ, ਸਿਮਰਨ, ਜਾਪ ਆਦਿ ਸਭ **ਨਿਸਫਲ ਹਨ।**

ਆਮ ਤੌਰ ਤੇ ਜੋ ਪਾਠ, ਪੂਜਾ, ਕੀਰਤਨ, ਕਥਾ ਕੀਤੇ ਜਾਂਦੇ ਹਨ ਉਹ ਸਭ **ਬੇ-ਧਿਆਨੇ**, ਰਸਮੀ ਤੌਰ ਤੇ, ਰੀਸੋ-ਰੀਸੀ, ਬੱਧਾ-ਚੱਟੀ, ਲੋਕਾ-ਚਾਰੀ, ਦਿਖਾਵੇ-ਮਾਤ੍ਰ, ਸੁਆਰਥ, ਮਨ ਦੀ ਤਸੱਲੀ, ਜਾਂ **ਮਾਇਆ ਲਈ ਹੀ ਕੀਤੇ ਜਾਂਦੇ ਹਨ।**

**ਇਹੋ ਕਾਰਨ ਹੈ ਕਿ ਇਤਨੇ** – ਪਾਠ, ਪੂਜਾ, ਸਾਧਨਾ, ਕੀਰਤਨ, ਕਥਾ, ਕਰਮ-ਕਿਰਿਆ, ਰਹਿਤ-ਬਹਿਤ, ਜੋਗ, ਸਮਾਧੀਆਂ, ਚਾਲੀਸੇ, ਸੈਮੀਨਾਰ (seminar) ਕਰਨ ਦੇ ਬਾਵਜੂਦ –

**ਸਾਡੇ ਮਾਨਸਿਕ, ਧਾਰਮਿਕ ਅਤੇ ਆਤਮਿਕ ਜੀਵਨ ਵਿਚ**
**ਕੋਈ ਤਰੱਕੀ ਨਜ਼ਰ ਨਹੀਂ ਆਉਂਦੀ, ਬਲਕਿ**
**ਅਸੀਂ ਰਸਾਤਲ ਵੱਲ ਰੁੜ੍ਹਦੇ ਜਾ ਰਹੇ ਹਾਂ।**

ਸਾਡੇ **ਰੋਜ਼ਾਨਾ ਜੀਵਨ ਦੀ** – ਕਿਰਿਆ-ਕਰਮ, ਵਰਤ-ਵਰਤਾਰਾ, ਬੋਲ-ਚਾਲ, ਰਹਿਣੀ, ਕਰਨੀ –

ਸਾਡੇ **'ਧਾਰਮਿਕ ਜੀਵਨ' ਦੀ**
**ਪ੍ਰਤੀਕ ਅਤੇ ਕਸਵੱਟੀ ਹੈ।**

ਜੇਕਰ ਸਾਡੇ **'ਰੋਜ਼ਾਨਾ ਜੀਵਨ'** ਦੇ ਹਰ ਪੱਖ ਵਿਚ, ਸਾਡੇ **'ਧਰਮ' ਦਾ ਪ੍ਰਗਟਾਵਾ ਨਹੀਂ ਹੁੰਦਾ**, ਤਾਂ ਸਾਡੇ ਸਾਰੇ **ਧਾਰਮਿਕ ਕਿਰਿਆ ਕਰਮ ਫੋਕੇ, ਰਸ-ਹੀਣ, ਅਧੂਰੇ, ਮੁਰਦਾ-ਸਾਧਨ, ਨਿਸਫ਼ਲ ਹੋ ਕੇ ਰਹਿ ਜਾਂਦੇ ਹਨ।**

ਜਹ ਕਰਣੀ ਤਹ ਪੂਰੀ ਮਤਿ ॥ ਕਰਣੀ ਬਾਝਹੁ ਘਟੇ ਘਟਿ ॥ (ਪੰਨਾ-੨੫)
ਪਾਠੁ ਪੜਿਓ ਅਰੁ ਬੇਦੁ ਬੀਚਾਰਿਓ ਨਿਵਲਿ ਭੁਅੰਗਮ ਸਾਧੇ ॥
ਪੰਚ ਜਨਾ ਸਿਉ ਸੰਗੁ ਨ ਛੁਟਕਿਓ ਅਧਿਕ ਅਹੰਬੁਧਿ ਬਾਧੇ ॥੧॥
ਪਿਆਰੇ ਇਨ ਬਿਧਿ ਮਿਲਣੁ ਨ ਜਾਈ ਮੈ ਕੀਏ ਕਰਮ ਅਨੇਕਾ ॥ (ਪੰਨਾ-੬੪੧)

ਗਲੀ ਭਿਸਤਿ ਨ ਜਾਈਐ ਛੁਟੈ ਸਚੁ ਕਮਾਇ ॥ (ਪੰਨਾ-੧੪੧)

ਰਹਤ ਅਵਰ ਕਛੁ ਅਵਰ ਕਮਾਵਤ ॥
ਮਨਿ ਨਹੀ ਪ੍ਰੀਤਿ ਮੁਖਹੁ ਗੰਢ ਲਾਵਤ ॥
ਜਾਨਨਹਾਰ ਪ੍ਰਭੂ ਪਰਬੀਨ ॥ ਬਾਹਰਿ ਭੇਖ ਨ ਕਾਹੂ ਭੀਨ ॥ (ਪੰਨਾ-੨੬੯)

ਆਪਿ ਨ ਬੂਝੈ ਲੋਕ ਬੁਝਾਵੈ ॥ ਮਨ ਕਾ ਅੰਧਾ ਅੰਧੁ ਕਮਾਵੈ ॥
ਦਰੁ ਘਰੁ ਮਹਲੁ ਠਉਰੁ ਕੈਸੇ ਪਾਵੈ ॥ (ਪੰਨਾ-੮੩੨)

ਕਰਣੀ ਬਾਝਹੁ ਤਰੈ ਨ ਕੋਇ ॥ ਸਚੋ ਸਚੁ ਵਖਾਣੈ ਕੋਇ ॥
ਨਾਨਕ ਅਗੈ ਪੁਛ ਨ ਹੋਇ ॥ (ਪੰਨਾ-੯੫੨)

ਪਰ ਗੁਰਬਾਣੀ ਦੀਆਂ ਇਹੋ ਜਿਹੀਆਂ **'ਤਾੜਨਾਂ' ਅਤੇ 'ਝਿੜਕਾਂ' ਦੇ ਬਾਵਜੂਦ,** ਅਸੀਂ ਉਸੇ **ਬੇ-ਧਿਆਨੇ ਅਤੇ ਫੋਕੇ ਪਾਠ-ਪੂਜਾ ਵਿਚ ਢੀਠ ਹੋਕੇ ਪਰਵਿਰਤ ਹਾਂ।**

**'ਧਰਮ'** 'ਜੀਵ' ਨੂੰ –

1. ਪਸ਼ੂਆਂ ਤੋਂ **ਇਨਸਾਨ**
2. ਇਨਸਾਨਾਂ ਤੋਂ **ਦੇਵਤੇ** ਅਤੇ
3. ਦੇਵਤਿਆਂ ਤੋਂ **'ਹਰਿ ਜਨ'**

**ਬਣਾਉਣ ਲਈ ਰਚੇ ਗਏ ਸਨ।**

ਧਰਮ ਦੇ ਦੋ ਪੱਖ ਹਨ —

1. **ਬਾਹਰਮੁਖੀ ਧਰਮ** (outer religion)

**ਜੋ ਸਰੀਰਕ ਅਤੇ ਮਾਨਸਿਕ ਕਰਤੱਬ ਹੈ।**

2. **ਅੰਤਰ-ਮੁਖੀ ਆਤਮਿਕ ਧਰਮੁ** (spiritualism)

**ਜੋ ਅੰਤਰਮੁਖੀ, ਗ਼ੈਬੀ-ਆਤਮਿਕ 'ਖੇਲ' ਹੈ।**

ਪਰ, ਸੀਮਤ ਬੁੱਧੀ ਦੀ ਅਗਿਆਨਤਾ ਅਤੇ ਬੇਸਮਝੀ ਕਾਰਨ, **'ਧਰਮ' ਦੀ ਬਾਬਤ ਅਤਿਅੰਤ ਭੁਲੇਖੇ ਪਏ ਹੋਏ ਹਨ ਅਤੇ ਧਰਮ ਨੂੰ ਗੁੰਝਲਦਾਰ ਬਣਾਇਆ ਹੋਇਆ ਹੈ।**

ਇਹਨਾਂ 'ਧਰਮ' ਦੇ **ਭੁਲੇਖਿਆਂ ਨੂੰ ਦੂਰ ਕਰਨ ਲਈ** ਅਤੇ **ਸਹੀ ਧਾਰਮਿਕ ਸੇਧ ਦਰਸਾਉਣ ਲਈ, ਗੁਰਬਾਣੀ ਦੇ ਆਸ਼ੇ ਅਨੁਸਾਰ, ਇਹ ਲੇਖ ਲਿਖੇ ਗਏ ਹਨ।**

ਬੁੱਧੀਜੀਵੀ ਲੋਕਾਂ ਨੇ ਧਰਮ ਨੂੰ **'ਨੇਕੀ', 'ਪਰਉਪਕਾਰ', 'ਇਨਸਾਨੀਅਤ'** ਤਾਂਈਂ **'ਸੀਮਤ' ਕਰ ਦਿੱਤਾ ਹੈ।**

ਪਰ ਇਹ, ਨੇਕੀਆਂ, ਉਤਮ-ਕਿਰਿਆ ਆਦਿ — **'ਧਰਮ' ਦਾ ਇਕ 'ਪੱਖ' ਜਾਂ 'ਸਾਧਨ' ਹਨ-ਜੋ ਮਾਇਆ ਦੇ ਭਰਮ ਭੁਲਾਵੇ ਵਿਚ 'ਹਉਮੈ' ਦੇ ਅਧੀਨ ਹੀ ਕੀਤੇ ਜਾਂਦੇ** ਹਨ —

"ਲਖ ਨੇਕੀਆ ਚੰਗਿਆਈਆ ਲਖ ਪੁੰਨਾ ਪਰਵਾਣੁ ॥.....
ਨਾਨਕ ਮਤੀ ਮਿਥਿਆ ਕਰਮੁ ਸਚਾ ਨੀਸਾਣੁ ॥ (ਪੰਨਾ-੪੬੭)

"ਦੁਕ੍ਰਿਤ ਸੁਕ੍ਰਿਤ ਮੰਧੇ ਸੰਸਾਰੁ ਸਗਲਾਣਾ ॥
ਦੁਹਹੂੰ ਤੇ ਰਹਤ ਭਗਤੁ ਹੈ ਕੋਈ ਵਿਰਲਾ ਜਾਣਾ ॥" (ਪੰਨਾ-੫੧)

"ਸਤੀਆ ਮਨਿ ਸੰਤੋਖੁ ਉਪਜੈ ਦੇਣੈ ਕੈ ਵੀਚਾਰਿ ॥
ਦੇ ਦੇ ਮੰਗਹਿ ਸਹਸਾ ਗੂਣਾ ਸੋਭ ਕਰੇ ਸੰਸਾਰੁ ॥" (ਪੰਨਾ-੪੬੬)

"ਆਚਾਰੀ ਨਹੀ ਜੀਤਿਆ ਜਾਇ ॥
ਪਾਠ ਪੜੈ ਨਹੀ ਕੀਮਤਿ ਪਾਇ ॥" (ਪੰਨਾ-੩੫੫)

"ਕਹਨ ਕਹਾਵਨ ਇਹੁ ਕੀਰਤਿ ਕਰਲਾ ॥
ਕਥਨ ਕਹਨ ਤੇ ਮੁਕਤਾ ਗੁਰਮੁਖਿ ਕੋਈ ਵਿਰਲਾ ॥" (ਪੰਨਾ-੫੧)

ਇਸ ਤਰ੍ਹਾਂ, **ਇਹ 'ਨੇਕ' ਕਰਮ ਆਦਿ,** 'ਧਰਮ' ਦੇ ਕਰਤਬ ਹਨ, ਸਾਧਨ ਹਨ, ਪਰ ਮੰਜ਼ਿਲ ਨਹੀਂ!

ਪਰ ਗੁਰਬਾਣੀ ਅਨੁਸਾਰ, ਜੀਵ ਦੀ **'ਮੰਜ਼ਿਲ' ਅਕਾਲ ਪੁਰਖ ਦੇ ਪ੍ਰੇਮ ਵਿਚ ਲਿਵਲੀਨ ਹੋਣਾ ਹੈ।**

ਇਸ **ਆਤਮਿਕ 'ਮੰਜ਼ਿਲ' ਤੇ ਪਹੁੰਚਣ ਲਈ**, ਗੁਰਬਾਣੀ ਅਨੁਸਾਰ,

1. ਗੁਰਪ੍ਰਸਾਦਿ
2. ਬਖਸ਼ੇ ਹੋਏ ਗੁਰਮੁਖਾਂ ਦੀ ਸੰਗਤ
3. ਸ਼ਬਦ-ਸੁਰਤਿ ਦੀ ਕਮਾਈ

**ਹੀ ਸ੍ਰੇਸ਼ਟ ਸਾਧਨ ਹਨ।**

"ਭਾਉ ਭੋਜਨੁ ਸਤਿਗੁਰਿ ਤੁਠੈ ਪਾਏ ॥" (ਪੰਨਾ-੧੧੫)

"ਹਰਿ ਅੰਮ੍ਰਿਤ ਭਗਤਿ ਭੰਡਾਰ ਹੈ
ਗੁਰ ਸਤਿਗੁਰ ਪਾਸੇ ਰਾਮ ਰਾਜੇ ॥" (ਪੰਨਾ-੪੪੯)

"ਸਭੇ ਵੰਡ ਵੰਡਿ ਦਿਤੀਓਨੁ
ਭਾਉ ਭਗਤਿ ਕਰਿ ਸਚੁ ਪਿਆਰਾ ॥" (ਵਾ: ਭਾ: ਗੁ: ੨੬/੨੨)

"ਸਾਧਸੰਗਤਿ ਬਿਨਾ ਭਾਉ ਨਹੀ ਊਪਜੈ
ਭਾਵ ਬਿਨੁ ਭਗਤਿ ਨਹੀ ਹੋਇ ਤੇਰੀ ॥" (ਪੰਨਾ-੬੯੪)

"ਕਿਰਪਾ ਕਰੇ ਜਿਸੁ ਪਾਰਬ੍ਰਹਮ ਹੋਵੈ ਸਾਧੂ ਸੰਗੁ ॥
ਜਿਉ ਜਿਉ ਓਹੁ ਵਧਾਈਐ ਤਿਉ ਤਿਉ ਹਰਿ ਸਿਉ ਰੰਗੁ ॥" (ਪੰਨਾ-੭੧)

"ਸਬਦ ਸੇਤੀ ਮਨੁ ਮਿਲਿਆ ਸਚੈ ਲਾਇਆ ਭਾਉ ॥" (ਪੰਨਾ-੯੨੦)

" ਜਿਸ ਨੋ ਪ੍ਰੇਮੁ ਮੰਨਿ ਵਸਾਏ ॥ ਸਾਚੈ ਸਬਦਿ ਸਹਜਿ ਸੁਭਾਏ ॥" (ਪੰ.-੧੦੧੬)

"ਗੁਰ ਕੈ ਸਬਦਿ ਸਲਾਹੀਐ ਅੰਤਰਿ ਪ੍ਰੇਮ ਪਿਆਰੁ ॥" (ਪੰਨਾ-੧੨੮੬)

ਇਸ ਤਰ੍ਹਾਂ, **ਸਾਧ ਸੰਗਤਿ ਅਤੇ ਅੰਤਰ-ਮੁਖੀ ਸਿਮਰਨ** ਦੁਆਰਾ –

1. 'ਜੀਵ' ਦਾ **ਅਨੁਭਵ ਖੁਲਦਾ ਹੈ।**
2. ਆਤਮਿਕ ਗਿਆਨ ਦੇ ਪ੍ਰਕਾਸ਼ ਨਾਲ-ਕੂੜੀ 'ਮਾਇਆ' ਅਤੇ ਉਸ ਦੇ ਅਉਗਣਾਂ ਦੇ **ਭੇਦਾਂ ਤੋਂ ਜਾਣੂ ਹੋਈਦਾ ਹੈ।**
3. 'ਮਾਇਕੀ' **ਭਰਮ-ਭੁਲਾਵੇ ਦੇ ਹਨੇਰ ਵਿਚੋਂ ਨਿਕਲ ਕੇ, 'ਜੀਵ' ਦਾ ਇਲਾਹੀ ਪ੍ਰਕਾਸ਼ ਵਿਚ ਪ੍ਰਵੇਸ਼ ਹੁੰਦਾ ਹੈ।**
4. ਹਉਮੈ ਵੇੜੀ –

    **'ਮੈ-ਮੇਰੀ' ਦੀ ਭਾਵਨਾ 'ਛੁਟ' ਜਾਂਦੀ ਹੈ** ਅਤੇ ਜੀਵ
    **'ਤੂੰ ਤੇਰੀ ਦੀ ਭਾਵਨਾ ਵਿਚ ਵਿਚਰਦਾ ਹੈ।'**

5. ਸਾਰੀਆਂ ਇਲਾਹੀ **ਦਾਤਾਂ, ਬਖਸ਼ਿਸ਼ਾਂ ਅਤੇ ਆਤਮਿਕ ਗੁਣ**, ਜਿਹਾ ਕਿ – ਪ੍ਰੀਤ, ਪ੍ਰੇਮ, ਪਿਆਰ, ਰਸ, ਚਾਉ, ਅਨੰਦ, ਖੇੜਾ, ਸਹਜ, ਸਤ, ਸੰਤੋਖ,

ਦਇਆ, ਧੀਰਜ, ਖਿਮਾ, ਸੇਵਾ, ਨਿਮ੍ਰਤਾ ਆਦਿ, ਜੀਵ ਦੇ ਮਨ, ਤਨ, ਚਿਤ, ਬੁੱਧੀ, ਅੰਤਿਸ਼ਕਰਨ ਵਿਚ ਸਹਜੇ ਹੀ ਪ੍ਰਵੇਸ਼ ਹੋ ਜਾਂਦੇ ਹਨ।

6. **ਆਤਮ-ਪ੍ਰਾਇਣ ਹੋਕੇ**, ਜੀਵ, **'ਪਰਉਪਕਾਰ' ਦੇ ਉਮਾਹ ਵਿਚ 'ਬੇ-ਖਰੀਦ ਗੋਲਾ' ਬਣ ਕੇ, 'ਆਪ ਗਵਾਇ ਸੇਵਾ ਕਰੇ' ਦਾ ਉਪਦੇਸ਼ ਕਮਾਉਂਦਾ** ਹੈ।

7. ਇਸ ਤ੍ਰਾਂ 'ਜੀਵ', **'ਕਰਮ-ਬੱਧ'** ਨਹੀਂ **ਹੁੰਦਾ, ਜਮਾਂ ਦੇ ਵੱਸ ਨਹੀਂ ਪੈਂਦਾ** ਅਤੇ **ਆਵਾਗਉਣ ਤੋਂ ਬਚ ਜਾਂਦਾ ਹੈ।**

8. ਅਪਣੇ **'ਨਾਲ ਲਿਖੇ' ਹੁਕਮੁ ਦੀ ਰਵਾਨਗੀ ਵਿਚ 'ਸੁਰ'** ਹੋਕੇ **ਇਲਾਹੀ ਭਾਣੇ ਵਿਚ ਵਿਚਰਦਾ ਹੈ।**

9. 'ਜੀਵ' **ਸੁਚੇਤ ਅਵੱਸਥਾ** ਵਿਚ ਵੀ ਆਪਣੇ **'ਨਾਲ ਲਿਖੇ', ਅੰਤ੍ਰੀਵ ਆਤਮਿਕ 'ਧਰਮੁ' ਨੂੰ ਸਹਜੇ ਹੀ ਕਮਾਉਂਦਾ ਹੈ।**

10. ਇਸ ਤਰ੍ਹਾਂ ਜੀਵ ਦਾ – **ਲੋਕ ਸੁਖੀ, ਪ੍ਰਲੋਕ ਸੁਹੇਲੇ ਹੋ ਜਾਂਦਾ ਹੈ।**

"ਚੀਤਿ ਆਵੈ ਤਾਂ ਮਹਾ ਅਨੰਦ ॥
ਚੀਤਿ ਆਵੈ ਤਾਂ ਸਭਿ ਦੁਖ ਭੰਜ ॥
ਚੀਤਿ ਆਵੈ ਤਾਂ ਸਰਧਾ ਪੂਰੀ ॥
ਚੀਤਿ ਆਵੈ ਤਾਂ ਕਬਹਿ ਨ ਝੂਰੀ ॥੧॥
ਅੰਤਰਿ ਰਾਮ ਰਾਇ ਪ੍ਰਗਟੇ ਆਇ ॥
ਗੁਰ ਪੂਰੈ ਦੀਓ ਰੰਗੁ ਲਾਇ ॥੧॥ ਰਹਾਉ ॥
ਚੀਤਿ ਆਵੈ ਤਾਂ ਸਰਬ ਕੋ ਰਾਜਾ ॥
ਚੀਤਿ ਆਵੈ ਤਾਂ ਪੂਰੇ ਕਾਜਾ ॥
ਚੀਤਿ ਆਵੈ ਤਾਂ ਰੰਗਿ ਗੁਲਾਲ ॥
ਚੀਤਿ ਆਵੈ ਤਾਂ ਸਦਾ ਨਿਹਾਲ ॥੨॥
ਚੀਤਿ ਆਵੈ ਤਾਂ ਸਦ ਧਨਵੰਤਾ ॥
ਚੀਤਿ ਆਵੈ ਤਾਂ ਸਦ ਨਿਭਰੰਤਾ ॥
ਚੀਤਿ ਆਵੈ ਤਾਂ ਸਭਿ ਰੰਗ ਮਾਣੇ ॥
ਚੀਤਿ ਆਵੈ ਤਾਂ ਚੂਕੀ ਕਾਣੇ ॥੩॥
ਚੀਤਿ ਆਵੈ ਤਾਂ ਸਹਜ ਘਰੁ ਪਾਇਆ ॥
ਚੀਤਿ ਆਵੈ ਤਾਂ ਸੁੰਨਿ ਸਮਾਇਆ ॥
ਚੀਤਿ ਆਵੈ ਸਦ ਕੀਰਤਨੁ ਕਰਤਾ ॥
ਮਨੁ ਮਾਨਿਆ ਨਾਨਕ ਭਗਵੰਤਾ ॥੪॥ (ਪੰਨਾ-੧੧੪੧)

ਦੂਜੇ ਪਾਸੇ, ਜਦ ਸਾਡਾ ਮਨ **ਪਰਮੇਸ਼ਰ ਨੂੰ 'ਭੁੱਲ ਕੇ' 'ਬੇਮੁਖ' ਹੋ ਜਾਂਦਾ ਹੈ,** ਤਾਂ ਅਸੀਂ –

1. ਮਾਇਕੀ **'ਭਰਮ-ਭੁਲਾਵੇ' ਵਿਚ ਵਿਚਰਦੇ ਹਾਂ।**
2. ਭਰਮ-ਭੁਲਾਵੇ ਦੇ **'ਹਨੇਰ' ਵਿਚ 'ਠੋਕਰਾਂ' ਖਾਂਦੇ ਤੇ ਦੁੱਖ ਕਲੇਸ਼ ਭੋਗਦੇ ਹਾਂ।**
3. 'ਹਉਮੈ' ਦੇ ਅਧੀਨ, **'ਮੈ-ਮੇਰੀ' ਵਾਲਾ ਜੀਵਨ** ਬਤੀਤ ਕਰਦੇ ਹਾਂ।
4. 'ਹਉਮੈ' ਵਿਚ **'ਪੰਜਾਂ' ਦੇ ਵੱਸ ਪੈ ਕੇ ਨੀਵੇਂ ਕਰਮ ਕਰਦੇ ਹਾਂ ਅਤੇ ਨਤੀਜੇ ਭੋਗਦੇ ਹਾਂ।**
5. ਅਕਾਲ-ਪੁਰਖ ਨੂੰ **ਵਿਸਾਰ ਕੇ, ਮਾਇਕੀ 'ਕੁਸੰਗਤ' ਦੇ ਅਸਰ ਹੇਠ,** ਨੀਵੇਂ ਖ਼ਿਆਲ ਗ਼ਲਤ ਨਿਸਚਿਆਂ ਨਾਲ, ਨੀਵੇਂ-ਕਰਮਾਂ ਨਾਲ, **ਮਨ ਮਲੀਨ ਕਰੀ ਜਾਂਦੇ ਹਾਂ।**
6. **'ਦੂਜੇ ਭਾਉ'** ਵਿਚ ਵਿਚਰਕੇ – ਈਰਖਾ ਦਵੈਤ, ਨਫ਼ਰਤ, ਵੈਰ, ਵਿਰੋਧ, ਲੜਾਈਆਂ, ਝਗੜੇ, ਦੁੱਖ, ਕਲੇਸ਼, ਸ਼ੱਕ, ਵਿਕਾਰ **ਸਹੇੜਦੇ ਹਾਂ** ਅਤੇ **ਦੁਖੀ ਹੁੰਦੇ ਹਾਂ।**

"ਪਲਚਿ ਪਲਚਿ ਸਗਲੀ ਮੁਈ ਝੂਠੈ ਧੰਧੈ ਮੋਹੁ ॥" (ਪੰਨਾ-੧੩੩)

7. **ਤ੍ਰਿਸ਼ਨਾ ਦੇ ਭਾਂਬੜਾਂ ਵਿਚ ਦਿਨ-ਰਾਤ ਸੜਦੇ ਹਾਂ।**
8. **ਫ਼ਿਕਰ-ਚਿੰਤਾ ਵਿਚ ਗੋਤੇ ਖਾਂਦੇ ਹਾਂ।**
9. **ਆਵਾਗਵਨ ਦੇ ਅਟੁੱਟ ਚੱਕਰ ਵਿਚ ਪੈ ਕੇ ਜੰਮਦੇ-ਮਰਦੇ ਹਾਂ।**
10. **ਜਮਾਂ ਦੇ ਵੱਸ ਪੈਂਦੇ ਹਾਂ।**
11. ਇਲਾਹੀ ਦਾਤਾਂ, ਬਖਸ਼ਿਸ਼ਾਂ ਅਤੇ **ਦੈਵੀ ਗੁਣਾ ਤੋਂ ਵਾਂਝੇ ਰਹਿੰਦੇ ਹਾਂ।**

ਇਸ ਸਚਾਈ ਨੂੰ ਗੁਰਬਾਣੀ ਵਿਚ ਇਉਂ ਦਰਸਾਇਆ ਗਿਆ ਹੈ –

"ਸੋਈ ਮਲੀਨੁ ਦੀਨੁ ਹੀਨੁ ਜਿਸੁ ਪ੍ਰਭੁ ਬਿਸਰਾਨਾ ॥
ਕਰਨੈਹਾਰੁ ਨ ਬੂਝਈ ਆਪੁ ਗਨੈ ਬਿਗਾਨਾ ॥" (ਪੰਨਾ-੮੧੩)

"ਸਭੇ ਦੁਖ ਸੰਤਾਪ ਜਾਂ ਤੁਧਹੁ ਭੁਲੀਐ ॥
ਜੇ ਕੀਚਨਿ ਲਖ ਉਪਾਵ ਤਾਂ ਕਹੀ ਨ ਘੁਲੀਐ ॥
ਜਿਸ ਨੋ ਵਿਸਰੈ ਨਾਉ ਸੁ ਨਿਰਧਨੁ ਕਾਂਢੀਐ ॥
ਜਿਸ ਨੋ ਵਿਸਰੈ ਨਾਉ ਸੁ ਜੋਨੀ ਹਾਂਢੀਐ॥
ਜਿਸੁ ਖਸਮੁ ਨ ਆਵੈ ਚਿਤਿ ਤਿਸੁ ਜਮੁ ਡੰਡੁ ਦੇ ॥
ਜਿਸੁ ਖਸਮੁ ਨ ਆਵੀ ਚਿਤਿ ਰੋਗੀ ਸੇ ਗਣੇ ॥

ਜਿਸੁ ਖਸਮੁ ਨ ਆਵੀ ਚਿਤਿ ਸੁ ਖਰੋ ਅਹੰਕਾਰੀਆ ॥
ਸੋਈ ਦੁਹੇਲਾ ਜਗਿ ਜਿਨਿ ਨਾਉ ਵਿਸਾਰੀਆ ॥" (ਪੰਨਾ-੯੬੪)

"ਨਾਨਕ ਨਾਇ ਵਿਸਾਰਿਐ ਸੁਖੁ ਕਿਨੇਹਾ ਹੋਇ ॥" (ਪੰਨਾ-੩੨੦)

"ਹਰਿ ਸਾਜਨੁ ਪੁਰਖੁ ਵਿਸਾਰਿ ਕੈ ਲਗੀ ਮਾਇਆ ਧੋਹੁ ॥...
ਦਯੁ ਵਿਸਾਰਿ ਵਿਗੁਚਣਾ ਪ੍ਰਭ ਬਿਨੁ ਅਵਰੁ ਨ ਕੋਇ ॥" (ਪੰਨਾ-੧੩੩)

"ਸਰਬ ਦੂਖ ਜਬ ਬਿਸਰਹਿ ਸੁਆਮੀ ॥
ਈਹਾ ਊਹਾ ਕਾਮਿ ਨ ਪ੍ਰਾਨੀ ॥" (ਪੰਨਾ-੩੯੪)

"ਕਉਤਕ ਕੋਡ ਤਮਾਸਿਆਂ ਚਿਤਿ ਨ ਆਵਸੁ ਨਾਉ ॥
ਨਾਨਕ ਕੋੜੀ ਨਰਕ ਬਰਾਬਰੇ ਉਜੜ ਸੋਈ ਥਾਉ ॥" (ਪੰਨਾ-੭੦੭)

"ਬਿਸਰੰਤ ਹਰਿ ਗੋਪਾਲਹ ਨਾਨਕ ਤੇ ਪ੍ਰਾਣੀ ਉਦਿਆਨ ਭਰਮਣਹ ॥"
(ਪੰਨਾ-੭੦੭)

ਇਸ ਲੇਖ ਦੇ **ਨਿਚੋੜ** ਨੂੰ ਇਸ ਤਰ੍ਹਾਂ ਦਰਸਾਇਆ ਜਾ ਸਕਦਾ ਹੈ।

**'ਆਤਮਿਕ ਧਰਮੁ'** – ਖਿਆਲਾਂ ਦਾ ਵਿਸ਼ਾ ਨਹੀਂ, ਮਨੋਕਲਪਿਤ ਰਵਾਇਤਾਂ ਨਹੀਂ, ਸਿਆਣਪ ਨਹੀਂ, ਖ਼ਿਆਲੀ ਢਕੌਸਲੇ ਨਹੀਂ, ਹਠ ਧਰਮ ਨਹੀਂ, ਦਿਮਾਗੀ ਗਿਆਨ ਨਹੀਂ, ਫ਼ਿਲੌਸਫ਼ੀ ਨਹੀਂ, ਕਰਮ ਕਿਰਿਆ ਨਹੀਂ, ਵਲਵਲੇ ਨਹੀਂ, ਜੋਸ਼ ਨਹੀਂ, ਸੁੰਨ ਨਹੀਂ ਸਗੋਂ, ਇਹ ਤਾਂ – ਨਾਲ ਲਿਖਿਆ ਹੈ, ਗੁਪਤ ਹੈ, ਆਤਮਿਕ ਭਾਵਨਾ ਹੈ, ਆਤਮਿਕ ਸਵੈਪਨਾ ਹੈ, ਆਤਮਿਕ ਰੁਣ-ਝੁਣ ਹੈ, ਆਤਮਿਕ ਜੀਵਨ-ਰੌ ਹੈ, ਜੀਵਨ ਰੌ ਦੀ ਰਵਾਨਗੀ ਹੈ, ਰਵਾਨਗੀ ਦੀ ਸਹਜ ਚਾਲ ਹੈ 'ਜੀਵਤ ਮਰਣਾ' ਹੈ, 'ਆਪ ਗਵਾਉਣਾ' ਹੈ, 'ਬੈ-ਖਰੀਦ' ਗੋਲਾ ਬਣਨਾ ਹੈ, ਇਲਾਹੀ ਚਾਕਰੀ ਕਰਨੀ ਹੈ, ਭਾਣੇ ਵਿਚ ਆਉਣਾ ਹੈ, ਪ੍ਰਿਮ ਖੇਲ ਹੈ, ਖੇਲ ਨਿਰਾਲੀ ਹੈ, ਸਹਿਜ ਖੇਲ ਹੈ, ਚੁਪ-ਪ੍ਰੀਤ ਹੈ, ਪ੍ਰੀਤ ਦਾ ਚਾਉ ਹੈ, ਪ੍ਰੀਤ ਦਾ ਰੰਗ ਹੈ, ਪ੍ਰੀਤ ਦਾ ਰਸ ਹੈ, ਪ੍ਰੀਤ ਦੀ ਮਸਤੀ ਹੈ, 'ਹੁਕਮੁ' ਹੈ, 'ਸਬਦੁ' ਹੈ, ਨਾਮੁ ਹੈ।

ਇਸ ਲਈ, **ਇਸ 'ਆਤਮਿਕ ਧਰਮ' ਵਿੱਚ** – ਵਿਤਕਰਾ, ਵੈਰ-ਵਿਰੋਧ, ਈਰਖਾ, ਦਵੈਤ, ਨਫ਼ਰਤ, ਤਅੱਸੁਬ, ਟਾਕਰੇ, ਝਗੜੇ, ਲੜਾਈਆਂ **ਦੀ ਕੋਈ ਗੁੰਜਾਇਸ਼ ਨਹੀਂ** !!!

ਧਾਰਮਿਕ ਜਾਂ **ਆਤਮਿਕ 'ਭਾਵਨਾ' ਯਾ 'ਸ਼ਰਧਾ'** –

ਪੜ੍ਹੀ-ਪੜ੍ਹਾਈ
ਸਮਝੀ ਸਮਝਾਈ
ਸਿਖੀ-ਸਿਖਾਈ
ਜਾਣੀ-ਜਣਾਈ
ਖੋਜੀ
ਖਰੀਦੀ

ਮੰਗੀ ਯਾ
ਦਿੱਤੀ

**ਨਹੀਂ ਜਾ ਸਕਦੀ।**

**ਇਹ 'ਸ਼ਰਧਾ-ਭਾਵਨੀ'**, ਸਿਰਫ –

ਗੁਰਪ੍ਰਸਾਦਿ ਦੁਆਰਾ
ਆਤਮਿਕ ਜੀਵਨ ਵਾਲੇ
ਬਖਸ਼ੇ ਹੋਏ
ਗੁਰਮੁਖ ਪਿਆਰਿਆਂ
ਸੰਤਾਂ
ਮਹਾਪੁਰਸ਼ਾਂ

**ਦੀ ਸੰਗਤ ਵਿੱਚ, 'ਲਾਗ' ਯਾ 'ਛੋਹ' ਨਾਲ ਮਿਲਦੀ ਹੈ।**

**"ਸਾਧਸੰਗਤਿ ਬਿਨਾ ਭਾਉ ਨਹੀਂ ਊਪਜੈ**
**ਭਾਵ ਬਿਨੁ ਭਗਤਿ ਨ ਹੋਇ ਤੇਰੀ ॥"** (ਪੰਨਾ-੬੯੪)

"ਕਿਰਪਾ ਕਰੇ ਜਿਸੁ ਪਾਰਬ੍ਰਹਮੁ ਹੋਵੈ ਸਾਧੂ ਸੰਗੁ ॥
**ਜਿਉ ਜਿਉ ਓਹੁ ਵਧਾਈਐ ਤਿਉ ਤਿਉ ਹਰਿ ਸਿਉ ਰੰਗੁ ॥"** (ਪੰਨਾ-੭੧)

**"ਪਿਰਮ ਪਿਆਲਾ ਸਾਧਸੰਗਿ ਭਗਤਿ ਵਛਲੁ ਪਾਰਸੁ ਪਰਸੈ ॥"**
(ਵਾ: ਭਾ: ਗੁ: ੩੯/੧੨)

(ਚਲਦਾ...........)

©ਸਭ ਹੱਕ ਰਾਖਵੇਂ ਹਨ ।

ਏਸੇ ਕਲਮ ਦੇ ਲਿਖੇ ਹੋਏ ਗੁਰਬਾਣੀ ਵਿਚਾਰੁ ਦੀ ਲੜੀ ਵਿੱਚ ਅੱਡ-ਅੱਡ ਵਿਸ਼ਿਆਂ ਤੇ 132 ਲੇਖ (13 ਕਿਤਾਬਾਂ) ਹਨ। ਇਨ੍ਹਾਂ ਲੇਖਾਂ ਦਾ ਹਿੰਦੀ ਤਰਜਮਾ ਵੀ ਮਿਲਦਾ ਹੈ। ਪੰਜ ਲੇਖ ਅੰਗਰੇਜ਼ੀ ਵਿੱਚ ਹਨ।

ਕੀਰਤਨ ਅਤੇ ਨਾਮ-ਅਭਿਆਸ ਕਮਾਈ ਦੇ ਅੱਠ ਦਿਨਾਂ ਜਪ-ਤਪ ਸਮਾਗਮ, ਗੁਰਦੁਆਰਾ ਸਾਹਿਬ ਬ੍ਰਹਮ-ਬੁੰਗਾ, ਪਿੰਡ **ਦੋਦੜਾ** ਵਿਖੇ ਮਾਰਚ, ਸਤੰਬਰ ਅਤੇ ਦਸੰਬਰ (20-30) ਵਿੱਚ ਅਤੇ ਜੂਨ ਵਿੱਚ ਗੁਰਦੁਆਰਾ ਬ੍ਰਹਮ ਬੁੰਗਾ ਸਾਹਿਬ, ਦੱਖਣੀ ਬਾਈਪਾਸ **ਦੋਰਾਹਾ** ਵਿਖੇ ਹਰ ਸਾਲ ਹੁੰਦੇ ਹਨ। ਗੁਰਦੁਆਰਾ ਬ੍ਰਹਮ ਬੁੰਗਾ ਸਾਹਿਬ, ਦੱਖਣੀ ਬਾਈਪਾਸ **ਦੋਰਾਹਾ** ਵਿਖੇ ਪੰਦਰਾਂ ਦਿਨਾਂ ਬਾਅਦ ਵੀ ਸਮਾਗਮ ਹੁੰਦਾ ਹੈ। ਇਸ ਤੋਂ ਇਲਾਵਾ ਵੱਖ-ਵੱਖ ਇਲਾਕਿਆਂ ਦੀਆਂ ਸੰਗਤਾਂ ਦੀ ਮੰਗ ਅਨੁਸਾਰ 15-15 ਦਿਨਾਂ ਦੇ ਅਰਸੇ ਬਾਅਦ, ਦੋ ਦਿਨਾਂ ਸਮਾਗਮ ਭਾਰਤ ਅਤੇ ਹੋਰ ਦੇਸ਼ਾਂ ਵਿੱਚ ਹੁੰਦੇ ਹਨ। ਹਫ਼ਤਾਵਾਰੀ ਸਮਾਗਮ ਵੀ ਵੱਖ-ਵੱਖ ਥਾਵਾਂ ਤੇ ਸਥਾਨਕ ਸੰਗਤਾਂ ਵੱਲੋਂ ਹੁੰਦੇ ਹਨ।

**ਪਿੰਡ ਦੋਦੜਾ, ਬੁਢਲਾਡਾ-ਸੁਨਾਮ, ਬਰਾਸਤਾ (ਵਾਇਆ) ਜਖੇਪਲ** ਲਿੰਕ ਰੋਡ ਤੇ ਹੈ। ਚਾਹਵਾਨ ਸੱਜਣ ਇਹ ਲੇਖ ਅਤੇ ਸਮਾਗਮਾਂ ਦਾ ਵੇਰਵਾ ਹੇਠ ਲਿਖੇ ਪਤੇ ਤੋਂ ਪ੍ਰਾਪਤ ਕਰ ਸਕਦੇ ਹਨ :-

**Website : www.brahmbungadodra.org**
**E-mail : info@brahmbungadodra.org**

**ਗੁਰਦੁਆਰਾ ਬ੍ਰਹਮ ਬੁੰਗਾ ਸਾਹਿਬ**
ਪਿੰਡ ਤੇ ਡਾਕਖਾਨਾ : **ਦੋਦੜਾ**
ਤਹਿਸੀਲ-ਬੁਢਲਾਡਾ, ਜ਼ਿਲ੍ਹਾ ਮਾਨਸਾ (ਪੰਜਾਬ)
ਫੋਨ : 073074-55097, 01652-255097, 99149-55098

**❖ ਸ਼ਾਖਾ ❖**

**ਗੁਰਦੁਆਰਾ ਬ੍ਰਹਮ ਬੁੰਗਾ ਸਾਹਿਬ** (ਦੋਦੜਾ)
ਦੱਖਣੀ ਬਾਈ ਪਾਸ, **ਦੋਰਾਹਾ**
ਜ਼ਿਲ੍ਹਾ ਲੁਧਿਆਣਾ, ਪੰਜਾਬ
ਫੋਨ : 073074-55098, 01628-258697, 099149-55098

**❖ ਪ੍ਰਕਾਸ਼ਕ ❖**

ਸੈਕ੍ਰੇਟਰੀ, ਬ੍ਰਹਮ-ਬੁੰਗਾ ਟ੍ਰਸਟ (ਰਜਿ.)
ਪਿੰਡ ਤੇ ਡਾਕਖਾਨਾ : **ਦੋਦੜਾ**
ਤਹਿਸੀਲ-ਬੁਢਲਾਡਾ, ਜ਼ਿਲ੍ਹਾ ਮਾਨਸਾ (ਪੰਜਾਬ)
ਫੋਨ : 73074-55096

www.**Harjit**PrintingPress.com S.C.F. 83, Phase 5, SAS Nagar (Mohali). Phones : +91-172-2226297, 5098297